ਪਿਆਰੇ ਵਿਦਿਆਰਥੀਓ, (1)

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ।

ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਚੌਥੀ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ-14 'ਕਨੌੜਾ' ਦੀ ਮਾਤਰਾ ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਇਹ ਪਾਠ ਤੁਹਾਡੀ ਪਾਠ-ਪੁਸਤਕ 'ਸੁੱਚੇ ਮੋਤੀ' ਦੇ ਪੰਨਾ ਨੰਬਰ-44 ਤੇ ਦਰਜ ਹੈ। ਕਨੌੜਾ ਦੀ ਮਾਤਰਾ ਦੀ ਅਵਾਜ਼ 'ਔ' ਵਾਂਗ ਹੁੰਦੀ ਹੈ ਇਹ ਹਿੰਦੀ ਦੀ ਮਾਤਰਾ 'ਔ' ਵਰਗੀ ਹੈ। ਆਓ, ਕੁਝ ਸ਼ਬਦ ਪੜ੍ਹੀਏ ਅਤੇ ਇਸ ਮਾਤਰਾ ਬਾਰੇ ਜਾਣੀਏ।

## 14 ਕਨੌੜਾ ( ੌ )



ਫ਼+ ੌ +ਜੀ = ਫ਼ੌਜੀ



ਅ+ ੌ +ਰ+ਤ = ਔਰਤ



ਚ+ ੌ +ਲ = ਚੌਲ



ਖਿ+ਡ+ ੌ +ਣਾ = ਖਿਡੌਣਾ



ਪ+ਕ+ ੌ +ੜੇ = ਪਕੌੜੇ



ਨ+ ੌ +ਕ+ਰ = ਨੌਕਰ

Tender Heart High School, Class- IV (Punjabi)

Gurpreet Kaur

## ਪੜ੍ਹੋ, ਬੋਲੋ ਤੇ ਲਿਖੋ-

(2)

| | | | | |
|---|---|---|---|---|
| ਸੌ | ਕੌਣ | ਸੌਣ | ਧੌਣ | ਚੌੜੀ |
| ਔਖਾ | ਸੌਖਾ | ਰੌਲ਼ਾ | ਕੌਮੀ | ਦੌੜ |
| ਪਕੌੜਾ | ਔਲਾਦ | ਮਖ਼ੌਲ | ਮੌਸਮ | ਦੌਲਤ |
| ਨੌਜਵਾਨ | ਚੌਕੀਦਾਰ | ਨੌਕਰਾਨੀ | ਪਿਸਤੌਲ | ਚਮਕੌਰ |

ਕਵਿਤਾ

## ਕੌਣ ਆਇਆ

ਕੌਣ ਆਇਆ ਬਈ ਕੌਣ ਆਇਆ।
ਵੇਖੋ ਸਾਰੇ ਕੌਣ ਹੈ ਆਇਆ।
ਚੌੜੀ-ਚੌੜੀ ਛਾਤੀ ਵਾਲਾ, ਸੋਹਣੀ-ਸੋਹਣੀ ਧੌਣ ਵਾਲਾ,
ਦੇਸ਼ ਮੇਰੇ ਦਾ ਫ਼ੌਜੀ ਆਇਆ।
ਖਾਕੀ-ਖਾਕੀ ਵਰਦੀ ਪਾ ਕੇ, ਸੋਹਣੀ ਜਿਹੀ ਦਸਤਾਰ ਸਜਾ ਕੇ,
ਟਾਈ ਲਾ ਕੇ, ਟੌਹਰ ਬਣਾ ਕੇ, ਸੋਹਣਾ ਨੌਜਵਾਨ ਹੈ ਆਇਆ।
ਸੀਮਾ ਦੀ ਕਰਦਾ ਰਖਵਾਲੀ, ਦੇਸ਼ ਮੇਰੇ ਦਾ ਚੌਕੀਦਾਰ।
ਆਓ, ਸਾਰੇ ਦੌੜ ਕੇ ਆਓ, ਕੌਮ ਦਾ ਪਹਿਰੇਦਾਰ ਹੈ ਆਇਆ।
ਕੌਣ ਆਇਆ ਬਈ ਕੌਣ ਆਇਆ।
ਵੇਖੋ ਸਾਰੇ ਕੌਣ ਹੈ ਆਇਆ।

